# ਜੀਵਨ ਸੀਮਤ ਕਰਨ ਵਾਲੀ ਬਿਮਾਰੀ?

## ਸਹਾਰੇ ਦੀ ਲੋੜ ਹੈ?

ਕੀ ਤੁਸੀਂ ਜਾਂ ਜਿਸ ਦੀ ਤੁਸੀਂ ਦੇਖਭਾਲ ਕਰਦੇ ਹੋ ਜੀਵਨ ਸੀਮਤ ਕਰਨ ਵਾਲੀ ਬਿਮਾਰੀ ਨਾਲ ਨਜਿੱਠਣ ਦੀ ਕੋਸ਼ਿਸ਼ ਕਰ ਰਹੇ ਹੋ? ਜੇ ਤੁਹਾਨੂੰ ਬਿਮਾਰੀ ਜਾਂ ਇਲਾਜ਼ ਦੇ ਪ੍ਰਭਾਵਾਂ ਨਾਲ ਸੰਬੰਧਿਤ ਕਸ਼ਟ ਭਰੇ ਸਰੀਰਕ ਅਤੇ ਭਾਵੁਕ ਸਮੱਸਿਆਵਾਂ ਪ੍ਰਤੀ ਸਹਾਰੇ ਦੀ ਲੋੜ ਹੋਵੇ ਤਾਂ ਵਿਸ਼ੇਸ਼ੱਗ ਸਾਂਤਕਾਰੀ ਦੇਖਭਾਲ ਸੇਵਾਵਾਂ (specialist palliative care services) ਮਦਦ ਕਰਨ ਲਈ ਇਥੇ ਮੌਜੂਦ ਹਨ। ਅਸੀਂ ਇਨ੍ਹਾਂ ਵਿੱਚ ਮਦਦ ਕਰ ਸਕਦੇ ਹਨ:

- ਸਰੀਰਕ ਰੋਗ ਲੱਛਣ ਜਿਵੇਂ ਕਿ ਦਰਦ, ਉਲਟੀਆਂ ਅਤੇ ਸਾਹ ਲੈਣ ਦੀਆਂ ਮੁਸ਼ਕਲਾਂ
- ਭਾਵੁਕ ਸਮੱਸਿਆਵਾਂ ਜਿਵੇ ਕਿ ਮਾਨਸਿਕ ਦਬਾ ਅਤੇ ਬੇਚੈਨੀ
- ਭਾਵੁਕ, ਸ਼ਰਧਾ, ਗੈਰ-ਸ਼ਰਧਾ ਅਤੇ ਧਰਮੀ ਵਿਚਾਰ ਪ੍ਰਗੱਟ ਕਰਨ ਲਈ ਥਾਂ ਦੇ ਕੇ ਅਧਿਆਤਮਕ ਦੇਖਭਾਲ ਮੁਹੱਈਆ ਕਰਨੀ
- ਸਮਾਜਿਕ ਮਸਲੇ ਜਿਵੇਂ ਕਿ ਰਿਸ਼ਤੇਦਰਾਂ ਲਈ ਸਹਾਰਾ, ਨਾਤਿਆਂ ਪ੍ਰਤੀ ਚਿੰਤਾਵਾਂ ਅਤੇ ਅਮਲੀ ਮਸਲੇ

ਤੁਸੀਂ ਆਪਣੇ ਪਰਿਵਾਰਕ ਡਾਕਟਰ, ਡਿਸਟ੍ਰਿਕਟ ਨਰਸ ਜਾਂ ਹਸਪਤਾਲ ਦੀ ਟੀਮ ਨਾਲ ਗੱਲ ਕਰਕੇ ਹੋਰ ਪਤਾ ਕਰ ਸਕਦੇ ਹੋ।

## ਲੀਡਜ਼ ਸਾਂਤਕਾਰੀ ਦੇਖਭਾਲ (Leeds Palliative Care) ਦਾ ਵੈਬਸਾਈਟ: www.leedspalliativecare.co.uk

ਲੀਡਜ਼ ਸਾਂਤਕਾਰੀ ਦੇਖਭਾਲ (Leeds Palliative Care) ਦਾ ਵੈਬਸਾਈਟ ਤੁਹਾਨੂੰ ਜਾਣਕਾਰੀ ਅਤੇ ਸਲਾਹ ਵੀ ਪ੍ਰਦਾਨ ਕਰ ਸਕਦਾ ਹੈ। ਇਸ ਵਿੱਚ ਹੌਸਪਿਸ (hospice) ਤੋਂ ਉਪਲਬੱਧ ਦੇਖਭਾਲ, ਤੁਹਾਨੂੰ ਤੁਹਾਡੇ ਘਰ ਜਾਂ ਹਸਪਤਾਲ ਵਿੱਚ ਕਿਵੇਂ ਸਹਾਰਾ ਅਤੇ ਦੇਖ-ਭਾਲ ਮੁਹੱਈਆ ਕੀਤੀ ਜਾ ਸਕਦੀ ਹੈ ਅਤੇ ਬਹੁਤ ਕੁੱਝ ਹੋਰ ਬਾਰੇ ਵੇਰਵਾ ਦਿੱਤਾ ਗਿਆ ਹੈ...

### ਤੁਹਾਡੇ ਘਰ ਵਿੱਚ ਦੇਖਭਾਲ ਅਤੇ ਬਾਹਰੀ-ਮਰੀਜ਼

ਵਧੇਰੇ ਸਹਾਰਾ ਮੁਹੱਈਆ ਕਰਨ ਲਈ ਸੇਂਟ ਜੈਮਾਸ (St Gemma's) ਅਤੇ ਵੀਟਫੀਲਡਜ਼ ਹੌਸਪਿਸ (Wheatfields Hospices) ਦੀਆਂ ਵਿਸ਼ੇਸ਼ੱਗ ਟੀਮਾਂ ਤੁਹਾਡੇ ਪਰਿਵਾਰਕ ਡਾਕਟਰ ਅਤੇ ਡਿਸਟ੍ਰਿਕਟ ਨਾਲ ਮਿਲ ਕੇ ਕੰਮ ਕਰਦੇ ਹਨ। ਬਾਹਰੀ-ਮਰੀਜ਼ ਸੇਵਾਵਾਂ ਸ਼ਹਿਰ ਭਰ ਵਿੱਚ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

### ਹਸਪਤਾਲ ਵਿੱਚ ਦੇਖਭਾਲ

ਸਲਾਹ ਅਤੇ ਤੁਹਾਡੀ ਬਿਮਾਰੀ ਅਤੇ ਇਸ ਦੇ ਪ੍ਰਭਾਵਾਂ ਪ੍ਰਤੀ ਮਦਦ ਦੇਣ ਲਈ ਵਿਸ਼ੇਸ਼ੱਗ ਟੀਮ ਤੁਹਾਡੇ ਹਸਪਤਾਲ ਦੇ ਡਾਕਟਰਾਂ ਅਤੇ ਨਰਸਾਂ ਨਾਲ ਮਿਲਕੇ ਕੰਮ ਕਰਦੇ ਹਨ। ਵੇਰਵੇ ਲਈ ਕਿਰਪਾ ਕਰਕੇ ਆਪਣੀ ਨਾਮੀ ਨਰਸ ਨਾਲ ਗੱਲ ਕਰੋ।

### ਹੌਸਪਿਸ ਵਿੱਚ ਦੇਖਭਾਲ

ਸੇਂਟ ਜੈਮਾਸ (St Gemma's) ਅਤੇ ਵੀਟਫੀਲਡਜ਼ ਹੌਸਪਿਸ (Wheatfields Hospice) ਤੁਹਾਨੂੰ ਹੇਠ ਲਿੱਖਤ ਦੀ ਤਰ੍ਹਾਂ ਸਹਾਰਾ ਦੇ ਸਕਦੇ ਹਨ:

- ਦਾਖਲ-ਮਰੀਜ਼ ਦੇਖਭਾਲ
- ਦਿਨੇ ਹੌਸਪਿਸ ਵਿੱਚ ਦੇਖਭਾਲ
- ਭਾਈਚਾਰਕ ਸਹਾਰਾ
- ਬਾਹਰੀ-ਮਰੀਜ਼ ਸੇਵਾ
- ਪਰਿਵਾਰ / ਸੰਭਾਲਕਾਰ ਸਹਾਰਾ
- ਸੋਗ ਸਮੇਂ ਸਹਾਰਾ

ਸੱਭ ਸੇਵਾਵਾਂ ਮੁੱਫ਼ਤ ਮੁਹੱਈਆ ਕੀਤੀਆਂ ਜਾਂਦੀਆਂ ਹਨ। ਜੇ ਤੁਸੀਂ ਇਹ ਸੇਵਾਵਾਂ ਪ੍ਰਾਪਤ ਕਰਨੀਆਂ ਚਾਹੋਂ ਤਾਂ ਕਿਰਪਾ ਕਰਕੇ ਆਪਣੇ ਪਰਿਵਾਰਕ ਡਾਕਟਰ, ਡਿਸਟ੍ਰਿਕਟ ਨਰਸ ਜਾਂ ਹਸਪਤਾਲ ਦੀ ਟੀਮ ਨਾਲ ਗੱਲ ਕਰੋ।

*ਇਸ ਵੈਬਸਈਟ ਨੂੰ ਲੀਡਜ਼ ਦੀਆਂ ਐਨ ਏਚ ਐਸ, ਸਿਹਤ ਅਤੇ ਸਮਾਜਿਕ ਦੇਖਭਾਲ ਸੰਸਥਾਵਾਂ (NHS, Health & Social Care organisations in Leeds) ਦੀ ਹਿਮਾਇਤ ਪ੍ਰਾਪਤ ਹੈ। ਸਾਂਤਕਾਰੀ ਦੇਖਭਾਲ ਮਰੀਜ਼ਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਸੰਭਾਲਕਾਰਾਂ ਲਈ ਸੱਭ ਤੋਂ ਉੱਤਮ ਦੇਖਭਾਲ ਅਤੇ ਸਹਾਰਾ ਮੁਹੱਈਆ*